بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 26.05.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਔਕੁੜਾਂ ਵੀ ਆਉਣਗੀਆਂ ਮੁਸੀਬਤਾਂ ਵੀ ਆਉਣਗੀਆਂ ਪਰ ਅਖ਼ੀਰ ਫ਼ਤਹਿ ਜਮਾਤ ਅਹਮਦੀਆ ਦੀ ਹੈ, ਇੰਸ਼ਾਅਲੱਾਹ ।**

**ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਅਰੰਭ ਹੋਣ ਵਾਲਾ 'ਖ਼ਿਲਾਫ਼ਤ ਦਾ ਨਿਜ਼ਾਮ' ਹੀ ਉਹ ਵਾਸਤਵਿਕ ਨਿਜ਼ਾਮ (ਵਿਵਸਥਾ) ਹੈ ਜਿਸ ਨਾਲ ਤਰੱਕੀਆਂ ਸੰਬੰਧਤ ਹਨ ਅਤੇ ਦੁਨੀਆ ਵਿੱਚ ਅਮਨ ਤੇ ਸਲਾਮਤੀ ਵੀ ਸੰਬੰਧਤ ਹੈ ।**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 26 ਮਈ 2017 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

**ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਹੇਠ ਲਿਖੀ ਕੁਰਆਨ ਕਰੀਮ ਦੀ ਆਇਤ ਦੀ ਤਲਾਵਤ ਕੀਤੀ ਅਤੇ ਉਸ ਦੇ ਅਰਥ ਵਰਨਣ ਕੀਤੇ :**

وَعَدَ اللّٰہُ الَّذِیۡنَ اٰمَنُوۡا مِنۡکُمۡ وَعَمِلُوا الصّٰلِحٰتِ لَیَسۡتَخۡلِفَنَّہُمۡ فِی الۡاَرۡضِ کَمَا اسۡتَخۡلَفَ الَّذِیۡنَ مِنۡ قَبۡلِہِمۡ ۪ وَلَیُمَکِّنَنَّ لَہُمۡ دِیۡنَہُمُ الَّذِی ارۡتَضٰی لَہُمۡ وَلَیُبَدِّلَنَّہُمۡ مِّنۡۢ بَعۡدِ خَوۡفِہِمۡ اَمۡنًا ؕ یَعۡبُدُوۡنَنِیۡ لَا یُشۡرِکُوۡنَ بِیۡ شَیۡئًا ؕ وَمَنۡ کَفَرَ بَعۡدَ ذٰلِکَ فَاُولٰٓئِکَ ہُمُ الۡفٰسِقُوۡنَ (نور:56)

**ਅਰਥ : ਤੁਹਾਡੇ ਵਿੱਚੋਂ ਜੋ ਲੋਕ ਇਮਾਨ ਲਿਆਏ ਅਤੇ ਨੇਕ ਕਰਮ ਕੀਤੇ, ਉਹਨਾਂ ਨਾਲ ਰੱਬ ਦਾ ਪਕੱਾ ਵਾਦਾ ਹੈ ਕਿ ਉਹਨਾਂ ਨੂੰ ਅਵਸ਼ ਧਰਤੀ'ਤੇ ਖ਼ਲੀਫ਼ਾ ਬਣਾਏਗਾ ਜਿਵੇਂ ਕਿ ਉਸ ਨੇ ਉਹਨਾਂ ਤੋਂ ਪਹਿਲਂ ਲੋਕਾਂ ਨੂੰ ਖ਼ਲੀਫ਼ਾ ਬਣਇਆ ਅਤੇ ਉਹਨਾਂ ਲਈ ਉਹਨਾਂ ਦੇ ਧਰਮ ਨੂੰ ਜੋ ਉਸ ਨੇ ਉਹਨਾਂ ਲਈ ਪਸੰਦ ਕੀਤਾ ਸ਼ਾਨ (ਪ੍ਰਤਾਪ) ਪ੍ਰਦਾਨ ਕਰੇਗਾ ਅਤੇ ਉਹਨਾਂ ਦੀ ਖ਼ੌਫ਼ ਦੀ ਅਵਸਥਾ ਦੇ ਬਾਦ ਉਹਨਾਂ ਨੂੰ ਅਵਸ਼ ਹੀ ਅਮਨ ਦੀ ਹਾਲਤ ਵਿੱਚ ਬਦਲ ਦੇਵੇਗਾ, ਉਹ ਮੇਰੀ ਇਬਾਦਤ ਕਰਨਗੇ, ਮੇਰੇ ਨਾਲ ਕਿਸੇ ਨੂੰ ਸ਼ਰੀਕ ਨਹੀਂ ਬਨਾਉਣਗੇ ਅਤੇ ਜੋ ਇਸ ਦੇ ਬਾਦ ਵੀ ਨਾਸ਼ੁਕਰੀ ਕਰੇ ਤਾਂ ਇਹੋ ਲੋਕ ਹਨ ਜੋ ਅਵਗਿਆਕਾਰ ਹਨ ।**

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਆਇਤ ਜਿਵੇਂ ਕਿ ਇਸ ਦੇ ਵਿਸ਼ੇ ਤੋਂ ਸਪਸ਼ਟ ਹੈ ਅਲੱਾਹ ਤਆਲਾ ਦੇ ਮੁਸਲਮਾਨਾਂ ਨਾਲ ਇਸ ਵਾਦੇ ਨੂੰ ਵਰਨਣ ਕਰ ਰਿਹਾ ਹੈ ਕਿ ਇਸਲਾਮ ਵਿੱਚ ਖ਼ਿਲਾਫ਼ਤ ਕਾਇਮ ਰਹੇਗੀ । ਹਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਇਕ ਫ਼ਰਮਾਨ ਅਨੁਸਾਰ ਮੁਸਲਮਾਨਾ ਦੇ ਕਰਮ ਅਤੇ ਇਮਾਨ ਦੀ ਹਾਲਤ ਕਰਕੇ ਇਹ ਪੁਰਸਕਾਰ ਉਹਨਾਂ ਤੋਂ ਇਕ ਸਮੇਂ ਲਈ ਖੋਹ ਲਿਆ ਜਾਵੇਗਾ ਪਰ ਖ਼ਿਲਾਫ਼ਤ ਅਲਾ ਮਿਨਹਾਜਿ ਨਬੁਵੱਤ (ਨਬੁਵੱਤ ਦੇ ਬਾਦ ਖ਼ਿਲਾਫ਼ਤ) ਫਿਰ ਦੁਨੀਆ ਵਿੱਚ ਕਾਇਮ ਹੋਵੇਗੀ । ਅਧਿਕਤਰ ਮੁਸਲਮਾਨ ਇਸ ਗੱਲ ਨੂੰ ਨਹੀਂ ਸਮਝਦੇ ਕਿ ਖ਼ਿਲਾਫ਼ਤ ਦਾ ਨਿਜ਼ਾਮ ਕਿਵੇਂ ਕਾਇਮ ਹੋਵੇਗਾ । ਇਕ ਬਹੁਤ ਵੱਡੀ ਗਿਣਤੀ ਮੁਸਲਮਾਨਾ ਵਿੱਚ ਅਜਿਹੀ ਵੀ ਹੈ ਜੋ ਇਹ ਕਹਿੰਦੀ ਹੈ ਕਿ ਕਿਸੇ ਖ਼ਿਲਾਫ਼ਤ ਦੀ ਲੋੜ ਨਹੀਂ ਹੈ ਅਤੇ ਜੋ ਜਿਸ ਫਿਰਕੇ ਨਾਲ ਸੰਬੰਧ ਰਖੱਦਾ ਹੈ ਉਸੇ'ਤੇ ਅਮਲ ਕਰੇ ਅਤੇ ਇਹੋ ਬਹੁਤ ਹੈ । ਮੁਸਲਮਾਨ ਓਲਮਾ (ਮੌਲਵੀਆਂ) ਦੀ ਇਸ ਅਗਿਆਨਤਾ ਤੇ ਜਹਾਲਤ ਦੀ ਚਰਚਾ ਕਰਦਿਆਂ ਹੋਇਆ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ । ਕਈ ਲੋਕ ਆਇਤ (وَعَدَ اللّٰهُ الَّذِيْنَ اٰمَنُوْا مِنْكُمْ وَعَمِلُوا الصّٰلِحٰتِ لَيَسْتَخْلِفَنَّهُمْ فِي الْاَرْضِ كَمَا اسْتَخْلَفَ الَّذِيْنَ مِنْ قَبْلِهِمْ) ਦੀ ਸਾਧਾਰਣਤਾ ਤੋਂ ਇਨਕਾਰ ਕਰਕੇ ਕਹਿੰਦੇ ਹਨ ਕਿ 'ਮਿਨਕੁਮ' ਤੋਂ ਭਾਵ ਸਹਾਬਾ ਹੀ ਭਾਵ ਹਨ ਅਤੇ 'ਖ਼ਿਲਾਫ਼ਤੇ ਰਾਸ਼ਦਾ ਹਕੱਾ' ਉਹਨਾਂ ਦੇ ਯੁੱਗ ਵਿੱਚ ਹੀ ਖ਼ਤਮ ਹੋ ਗਈ ਅਤੇ ਫਿਰ ਕਯਾਮਤ ਤੱਕ ਇਸਲਾਮ ਵਿੱਚ ਇਸ ਖ਼ਿਲਾਫ਼ਤ ਦਾ ਨਾਂ ਨਿਸ਼ਾਨ ਵੀ ਨਹੀਂ ਹੋਵੇਗਾ । ਸੰਭਵਤਾ ਇਕ ਸੁਪਨੇ ਤੇ ਖ਼ਿਆਲ ਵਾਂਗ ਇਸ ਖ਼ਿਲਾਫ਼ਤ ਦਾ ਸਮਾਂ ਕੇਵਲ ਤੀਹ ਵਰ੍ਹੇ ਹੀ ਸੀ ਅਤੇ ਫਿਰ ਹਮੇਸ਼ਾ ਲਈ ਇਸਲਾਮ ਇਕ ਸਦੈਵੀ ਪਤਨ ਵਿੱਚ ਪੈ ਗਿਆ, ਨਊਜ਼ਬਿਲੱਾਹ, । ਅਜਿਹੀਆਂ ਗਲੱਾਂ ਨੂੰ ਤਾਂ ਸੁਣਕੇ ਸਾਡਾ ਸਾਰਾ ਸ਼ਰੀਰ ਕੰਬ ਜਾਂਦਾ ਹੈ ਕਿ ਸੰਭਵਤਾ ਇਸਲਾਮ ਦੀਆਂ ਬਰਕਤਾਂ ਅੱਗੇ ਨਹੀਂ ਸਗੋਂ ਚਿਰ ਹੋਇਆ ਉਹਨਾਂ ਦਾ ਅੰਤ ਹੋ ਚੁਕਿਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਕੁਝ ਅਜਿਹੇ ਵੀ ਹਨ ਜੋ ਆਪਣੀਆਂ ਸੰਸਾਰਕ ਸਰਕਾਰਾਂ ਦੇ ਬਲਬੂਤੇ ਆਪਣੀ ਖ਼ਿਲਾਫ਼ਤ ਕਾਇਮ ਕਰਨਾ ਚਾਹੁੰਦੇ ਹਨ । ਉਹਨਾਂ ਦੇ ਵਿਚਾਰ ਵਿੱਚ ਖ਼ਿਲਾਫ਼ਤ ਕਿਸੇ ਸ਼ਕਤੀ ਕਰਕੇ ਕਾਇਮ ਹੋ ਜਾਵੇਗੀ ਅਤੇ ਇਹ ਲੋਕ ਰੱਬ ਦੇ ਉਸ ਪ੍ਰਤਖ ਸੰਦੇਸ਼ ਨੂੰ ਨਹੀਂ ਸਮਝਦੇ ਕਿ ਇਹ ਵਾਦਾ ਇਮਾਨ ਤੇ ਨੇਕ ਅਮਲਾਂ ਦੀ ਸ਼ਰਤ ਨਾਲ ਹੈ । ਰੱਬ ਦਾ ਹਕੀਕੀ ਆਬਿਦ (ਸ਼ਰਧਾਲੂ) ਬਣਨ ਵਾਲਿਆਂ ਨਾਲ ਇਹ ਵਾਦਾ ਸ਼ਰਤ ਨਾਲ ਹੈ । ਸਾਧਾਰਣ ਮੁਸਲਮਾਨਾ ਦੇ ਇਸ ਗ਼ਲਤ ਦ੍ਰਿਸ਼ਟੀਕੋਣ ਕਰਕੇ ਇਸਲਾਮ ਵਿਰੋਧੀ ਸ਼ਕਤੀਆਂ ਨੇ ਵੀ ਇਸਲਾਮੀ ਜਗਤ ਨੂੰ ਕਮਜ਼ੋਰ ਕਰਨ ਲਈ ਅਜਿਹੀਆਂ ਤੰਜ਼ੀਮਾ ਨੂੰ ਸਥਾਪਤ ਕਰਨ ਵਿੱਚ ਕਿਰਦਾਰ ਨਿਭਾਇਆ ਅਤੇ ਮਦਦ ਦੇਣੀ ਸ਼ੁਰੂ ਕੀਤੀ ਜਿੰਨ੍ਹਾ ਨੇ ਖ਼ਿਲਾਫ਼ਤ ਦੇ ਨਾਂ'ਤੇ ਆਪਣੇ ਆਪ ਨੂੰ ਵਿਵਸਥਤ ਕੀਤਾ ਪਰ ਇਹ ਕੁਝ ਸਮੇਂ ਤੱਕ ਸੰਸਾਰਕ ਉਦੇਸ਼ਿਆਂ ਦੀ ਪ੍ਰਾਪਤੀ ਕਰਕੇ ਸੰਸਾਰਕ ਸਵਾਮੀਆਂ ਦੀ ਮਦਦ ਨ ਮਿਲਣ ਕਰਕੇ ਜਾਂ ਇਹਨਾਂ ਦੇ ਉਦੇਸ਼ ਪੂਰੇ ਨ ਹੋਣ ਕਰਕੇ ਖ਼ਤਮ ਹੋ ਰਹੇ ਹਨ । ਤਿੰਨ ਸਾਲ ਹੋਏ ਆਇਰਲੈਂਡ ਵਿੱਚ ਮੈਨੂੰ ਇਕ ਪਤੱਰਕਾਰ ਨੇ ਪੁੱਛਿਆ ਕਿ ਇਹ ਜੋ ਖ਼ਿਲਾਫ਼ਤ ਦਾ ਹੁਣ ਦੌਰ ਅਰੰਭ ਹੋਇਆ ਹੈ ਇਸਲਾਮੀ ਜਗਤ ਵਿੱਚ ਇਸ ਦੀ ਕੀ ਵਾਸਤਵਿਕਤਾ ਹੈ । ਮੈਂ ਉਸ ਨੂੰ ਇਹੋ ਉੱਤਰ ਦਿੱਤਾ ਸੀ ਕਿ ਇਹ ਖ਼ਿਲਾਫ਼ਤ ਨਹੀਂ, ਇਹ ਉਸੇ ਪ੍ਰਕਾਰ ਦੇ ਕਟੱੜਪੰਥੀ ਲੋਕਾਂ ਦਾ ਜਥੱਾ ਹੈ ਜਿਵੇਂ ਪਹਿਲੇ ਜੱਥੇ ਕੰਮ ਕਰ ਰਹੇ ਹਨ ਅਤੇ ਇਸ ਦਾ ਨਤੀਜਾ ਵੀ ਅਖ਼ੀਰ ਵਿੱਚ ਉਹੋ ਹੋਵੇਗਾ ਜੋ ਬਾਕੀ ਦੇ ਕਟੱੜਪੰਥੀਆਂ ਦਾ ਹੋ ਰਿਹਾ ਹੈ । ਜੱਦ ਤੱਕ ਸੰਸਾਰ ਸੁਵਾਮੀ ਇਹਨਾਂ ਤੋਂ ਖ਼ੁਸ਼ ਰਹਿਣਗੇ ਇਹ ਕੰਮ ਕਰਦੇ ਰਹਿਣਗੇ, ਜੱਦ ਉਹ ਆਪਣੇ ਹੱਥ

ਖਿੱਚ ਲੈਂਣਗੇ ਤਾਂ ਹੌਲ਼ੀ ਹੌਲ਼ੀ ਇਹ ਕਮਜ਼ੋਰ ਹੋਣਾ ਸ਼ੁਰੂ ਹੋ ਜਾਣਗੇ । ਇਸਲਾਮ ਵਿਰੋਧੀ ਤਾਕਤਾਂ ਦਾ ਇਸਲਾਮੀ ਜਗਤ ਨੂੰ ਕਮਜ਼ੋਰ ਕਰਨ ਦਾ ਇਕ ਏਜੰਡਾ ਸੀ ਉਹ ਉਹਨਾਂ ਨੇ ਪੂਰਾ ਕਰ ਦਿਤੱਾ । ਇਸ ਵਿੱਚ ਮੁਸਲਮਾਨ ਹੁਕੂਮਤਾਂ ਦੇ ਲੀਡਰ ਵੀ ਸ਼ਾਮਲ ਹਨ ਜਿੰਨ੍ਹਾ ਨੇ ਆਪਣੀਆਂ ਕੁਰਸੀਆਂ ਬਚਾਉਣ ਲਈ ਪ੍ਰਜਾ ਦਾ ਖ਼ੂਨ ਕੀਤਾ ਅਤੇ ਹੁਣ ਤੱਕ ਮੁਸਲਮਾਨ ਮੁਸਲਮਾਨ ਲਈ ਅਮਨ ਦੀ ਥਾਂ ਖ਼ੌਫ਼ ਦਾ ਸਬਬ ਬਣਿਆ ਹੋਇਆ ਹੈ ਅਤੇ ਫਿਰ ਗ਼ੈਰ ਮੁਸਲਿਮ ਦੁਨੀਆ ਦੇ ਅਮਨ ਨੂੰ ਵੀ ਇਹੋ ਲੋਕ ਬਰਬਾਦ ਕਰ ਰਹੇ ਹਨ । ਇਸ ਦੇ ਕਾਰਣ ਕੁਝ ਵੀ ਹੋਣ ਪਰ ਇਕ ਮੁਸਲਮਾਨ ਲਈ ਦਰਦ ਰਖੱਣ ਵਾਲਾ ਮੁਸਮਲਮਾਨ ਜੱਦ ਇਹ ਦੇਖਦਾ ਹੈ ਕਿ ਸੰਸਾਰ ਵਿੱਚ ਮਾਸੂਮਾ (ਨਿਰਦੋਸ਼ਾਂ) ਦੇ ਕਤਲ ਤੇ ਤਬਾਹੀ ਫੈਲਾਉਣ ਵਿੱਚ ਕਿਸੇ ਮੁਸਲਮਾਨ ਦਾ ਹੱਥ ਹੈ ਤਾਂ ਮਨ ਕੁੜ੍ਹਦਾ ਹੈ ਬਹੁਤ ਬੈਚੈਨੀ ਹੁੰਦੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਬੀਤੇ ਦਿਨੀ ਏਥੇ ਯੂਕੇ ਵਿੱਚ ਮਾਨਚੈਸਟਰ ਵਿੱਚ ਘਟਨਾ ਵਾਪਰੀ ਅਤੇ ਅਕਾਰਣ ਹੀ 22-23 ਲੋਕਾਂ ਦਾ ਕਤਲ ਕਰ ਦਿਤੱਾ ਗਿਆ ਜਿਸ ਵਿੱਚ ਮਾਸੂਮ ਬੱਚੇ ਵੀ ਸ਼ਾਮਲ ਸਨ । ਇਹ ਅਤਿਅੰਤ ਜ਼ਾਲਮਾਨਾ ਕੰਮ ਹੈ ਅਤੇ ਕਿਸੇ ਵੀ ਅਵਸਥਾ ਵਿੱਚ ਇਹ ਇਸਲਾਮ ਦੀ ਸਿੱਖਿਆ ਵੱਲ ਨਹੀਂ ਮੜ੍ਹਿਆ ਜਾ ਸਕਦਾ । ਅਜਿਹੀਆਂ ਜ਼ਾਲਮਾਨਾ ਘਟਨਾਵਾਂ ਦੇਖਕੇ ਅਸੀਂ ਬੇਚੈਨ ਹੁੰਦੇ ਹਾਂ । ਰੱਬ ਇਹਨਾ ਮਰਨ ਵਾਲਿਆਂ'ਤੇ ਵੀ ਰਹਿਮ ਕਰੇ ਅਤੇ ਉਹਨਾ ਦੇ ਪਿੱਛੇ ਰਹਿ ਜਾਣ ਵਾਲਿਆਂ ਨੂੰ ਵੀ ਸਬਰ ਤੇ ਸ਼ਾਂਤੀ ਪ੍ਰਦਾਨ ਕਰੇ ਅਤੇ ਉਹਨਾਂ ਜ਼ਾਲਮਾਂ ਦੇ ਹੱਥਾਂ ਨੂੰ ਵੀ ਰੋਕੇ ਜੋ ਇਸਲਾਮ ਦੇ ਨਾਂ'ਤੇ ਅਤੇ ਖ਼ਿਲਾਫ਼ਤ ਦੇ ਨਾਂ'ਤੇ ਅਜਿਹੀਆਂ ਹਰਕਤਾਂ ਕਰ ਰਹੇ ਹਨ । ਇਸੇ ਪ੍ਰਕਾਰ ਸੰਸਾਰ ਦੇ ਮੁਸਲਮਾਨ ਦੇਸ਼ਾਂ ਵਿੱਚ ਵੀ ਕਤਲ, ਮਾਰ ਧਾੜ ਤੇ ਅਤਿਆਚਾਰ ਹੋ ਰਿਹਾ ਹੈ ਇਹ ਸਭ ਧਰਮ ਤੋਂ ਦੂਰ ਹਟਣ ਤੇ ਰੱਬ ਦੇ ਆਦੇਸ਼ ਨੂੰ ਨ ਮੰਨ੍ਹਣ ਦਾ ਸਿਟੱਾ ਹੈ । ਇਹ ਅਮਲ ਜੋ ਇਸਲਾਮ ਦੀ ਸਿੱਖਿਆ ਦੇ ਵਿਰੁਧ ਹੋ ਰਹੇ ਹਨ ਅਤੇ ਇਹ ਜੁਲਮ ਜੋ ਇਸਲਾਮ ਦੇ ਨਾਂ'ਤੇ ਹੋ ਰਹੇ ਹਨ ਅਤੇ ਇਸੇ ਪ੍ਰਾਕਰ ਉਹ ਜੁਲਮ ਵੀ ਜੋ ਮੁਸਲਮਾਨ ਹੁਕੂਮਤਾਂ ਦੂਜੀਆਂ ਹੁਕੂਮਤਾਂ ਦੀ ਮਦਦ ਨਾਲ ਮੁਸਲਮਾਨਾ ਨੂੰ ਬੰਬਾਰੀ ਕਰਕੇ ਜਾਂ ਬਿਨਾ ਭੇਦਭਾਵ ਦੇ ਮਾਰਧਾੜ ਕਰਕੇ ਕਰ ਰਹੇ ਹਨ, ਉਹਨਾਂ ਸਾਰਿਆਂ ਦਾ ਦਰਦ ਅਸੀਂ ਅਹਮਦੀ ਸਭ ਤੋਂ ਵੱਧ ਅਨੁਭਵ ਕਰ ਸਕਦੇ ਹਾਂ ਜਿੰਨ੍ਹਾਂ ਨੇ ਇਸਲਾਮ ਦੀ ਸਿੱਖਿਆ ਨੂੰ ਪਛਾਣਿਆ, ਜਿੰਨ੍ਹਾ ਨੇ ਇਸਲਾਮ ਦੀ ਪ੍ਰੇਮ ਭਰਪੂਰ ਅਤੇ ਅਮਨ ਦੀ ਸਿੱਖਿਆ ਨੂੰ ਪਛਾਣਿਆ, ਜਿੰਨ੍ਹਾ ਨੇ ਖ਼ਿਲਾਫ਼ਤ ਦੇ ਹੱਥ ਪਿੱਛੇ ਖ਼ੌਫ਼ ਨੂੰ ਅਮਨ ਵਿੱਚ ਬਦਲਣ ਦਾ ਨਜ਼ਾਰਾ ਦੇਖਿਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਖ਼ਿਲਾਫ਼ਤ ਨ ਸੰਸਾਰਕ ਸ਼ਕਤੀ ਨਾਲ ਮਿਲ ਸਕਦੀ ਹੈ ਨ ਸੰਸਾਰਕ ਚਲਾਕੀਆਂ ਨਾਲ, ਨ ਹੀ ਨਾਂ ਨਿਹਾਦ ਮੌਲਵੀਆਂ ਦੇ ਇਕਤੱਰ ਹੋਕੇ ਮਤਾ ਪਾਸ ਕਰਕੇ ਜਿਵੇਂ ਕਿ ਕੁਝ ਸਾਲ ਪਹਿਲਾਂ ਇਹ ਵੀ ਜਤਨ ਕੀਤਾ ਜਾ ਚੁਕਿਆ ਹੈ ਕਿ ਮੁਸਲਮਾਨ ਇਕਤੱਰ ਹੋਣ ਅਤੇ ਆਪਣਾ ਕੋਈ ਖ਼ਲੀਫ਼ਾ ਚੁਣ ਲੈਂਣ, ਇਸ ਪ੍ਰਕਾਰ ਖ਼ਿਲਾਫ਼ਤ ਕਾਇਮ ਨਹੀਂ ਹੋਵੇਗੀ । ਖ਼ਿਲਾਫ਼ਤ ਦਾ ਨਿਜ਼ਾਮ ਜੋ ਖ਼ੌਫ਼ ਨੂੰ ਅਮਨ ਵਿੱਚ ਬਦਲਣ ਵਾਲਾ ਨਿਜ਼ਾਮ ਹੈ ਰੱਬ ਅਤੇ ਉਸ ਦੇ ਰਸੂਲ ਦੇ ਦੱਸੇ ਹੋਏ ਤਰੀਕੇ ਅਨੁਸਾਰ ਅਮਲ ਵਿੱਚ ਆਉਣਾ ਹੈ । ਜਿਸ ਬਾਰੇ ਰੱਬ ਨੇ ਕੁਰਆਨ ਕਰੀਮ ਵਿੱਚ ਫ਼ਰਮਾਇਆ (وَاٰخَرِيْنَ مِنْهُمْ لَمَّا يَلْحَقُوْا بِهِمْ) ਵ ਆਖ਼ਰੀਨਾ ਮਿਨਹੁਮ ਲਮੱਾ ਯਲਹਕੂ ਬਿਹਿਮ । ਜੱਦ ਇਹ ਆਇਤ ਨਾਜ਼ਲ ਹੋਈ ਇਕ ਸਹਾਬੀ ਨੇ ਹਜ਼ਰਤ ਮਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਪੱਛਿੱਆ, ਹੇ, ਰਸੂਲੁਲੱਾਹ ! ਉਹ ਕੌਣ ਲੋਕ ਹਨ ਜੋ ਹੁਣ ਤੱਕ ਉਹਨਾਂ ਨਾਲ ਨਹੀਂ ਮਿਲੇ ਅਤੇ ਸਹਾਬਾ ਦਾ ਦਰਜਾ ਰਖੱਦੇ ਹਨ ? ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਸਲਮਾਨ ਫ਼ਾਰਸੀ ਦੇ ਮੋਢਿਆਂ ਉਪੱਰ ਹੱਥ ਰਖੱਕੇ ਫ਼ਰਮਾਇਆ ਕਿ ਜੇਕਰ ਇਮਾਨ ਸੁਰਯੱਾ ਸਿਤਾਰੇ ਕੋਲ ਵੀ ਪਹੁੰਚ ਗਿਆ ਤਾਂ ਇਹਨਾਂ ਲੋਕਾਂ ਵਿੱਚੋਂ ਕੁਝ ਲੋਕ ਉਸ ਨੂੰ

ਵਾਪਸ ਲੈ ਆਉਣਗੇ ਅਤੇ ਆਖ਼ਰੀਨ ਦੇ ਮੁਕਾਮ ਬਾਰੇ ਇਕ ਮੌਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੇਰੀ ਉਮੱਤ ਇਕ ਮੁਬਾਰਕ ਉਮੱਤ ਹੈ, ਨਹੀਂ ਪਤਾ ਕਿ ਇਸ ਦਾ ਪਹਿਲਾਂ ਜ਼ਮਾਨਾ ਬਿਹਤਰ ਹੈ ਜਾਂ ਅਖੀਰੀ ਜ਼ਮਾਨਾ । ਸੋ, ਅਖ਼ੀਰੀ ਜ਼ਮਾਨੇ ਦੀ ਬਿਹਤਰੀ ਦੀ ਖ਼ੁਸ਼ਖ਼ਬਰੀ ਵੀ ਹਜ਼ਰਤ ਮਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਦਿੱਤੀ ਹੈ । ਅੱਜ ਇਮਾਨ ਨੂੰ ਦੁਨੀਆ ਵਿੱਚ ਕਾਇਮ ਕਰਨ ਦੇ ਜਤਨ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਆਸ਼ਕ ਰਾਹੀ ਅਰੰਭ ਨਿਜ਼ਾਮ ਤੋ ਬਿਨਾ ਹੋਰ ਕੌਣ ਹੈ ਕੰਮ ਕਰ ਰਿਹਾ ਹੈ । ਜੋ ਅਮਨ ਤੇ ਪਿਆਰ ਨਾਲ ਇਸਲਾਮ ਦਾ ਸੰਦੇਸ਼ ਦੁਨੀਆ ਵਿੱਚ ਫੈਲਾ ਰਿਹਾ ਹੈ । ਇਮਾਨਾ ਨੂੰ ਦੁਨੀਆ ਵਿੱਚ ਕਾਇਮ ਕਰਨ ਲਈ ਜਤਨ ਕਰ ਰਿਹਾ ਹੈ ।

ਸੋ, ਇਹ ਕੰਮ ਹੈ ਜੋ ਅਸੀਂ ਕਰਨਾ ਹੈ । ਧਰਮ ਦੇ ਪੁਨਰਉਥੱਾਨ ਅਤੇ ਇਮਾਨ ਨੂੰ ਕਾਇਮ ਕਰਨ ਲਈ ਇਸ ਜ਼ਮਾਨੇ ਵਿੱਚ ਹਜ਼ਰਤ ਮਸੀਹ ਮੌਊਦ ਤੇ ਮਹਦੀ ਮਾਹੂਦ ਅਲੈਹਿ ਸਲਾਮ ਨਾਲ ਜੁੜਨਾ ਹੋਵੇਗਾ ਜੋ 'ਖ਼ਾਤਾਮੁਲ ਖ਼ੁਲਫ਼ਾ' ਵੀ ਹਨ, ਆਖ਼ਰੀਨ ਦਾ ਪਹਿਲਿਆਂ ਨਾਲ ਜੁੜਨ ਬਾਰੇ ਇਕ ਥਾਂ ਹਜਰਤ ਮਸੀਹ ਮੌਊਦ ਅਲੈਹਿ ਸਲਮ ਫ਼ਰਮਾਉਂਦੇ ਹਨ :

ਇਸ ਆਇਤ ਦਾ ਸਾਰ ਇਹ ਹੈ ਕਿ ਰੱਬ ਉਹ ਰੱਬ ਹੈ ਕਿ ਜਿਸ ਨੇ ਅਜਿਹੇ ਸਮੇਂ ਰਸੂਲ ਭੇਜਿਆ ਕਿ ਲੋਕ ਗਿਆਨ ਤੇ ਸੂਝ ਬੂਝ ਤੋਂ ਸਖੱਣੇ ਹੋ ਚੁੱਕੇ ਸਨ ਅਤੇ ਧਾਰਮਕ ਵਿਦਿਆ ਤੇ ਦਾਨਾਈ ਜਿੰਨ੍ਹਾ ਤੋਂ ਪੂਰਨ ਮਨੁੱਖ ਤੇ ਮਨੁੱਖੀ ਗਿਆਨ ਤੇ ਕਰਮ ਆਪਣੀ ਪੂਰਣਤਾ ਨੂੰ ਪਹੁੰਚੇ ਉਕੱਾ ਹੀ ਗੁੰਮ ਹੋ ਗਿਆ ਸੀ । ਲੋਕ ਗੁਮਰਾਹੀ ਵਿੱਚ ਗ੍ਰਿੱਸੇ ਹੋਏ ਸਨ, ਫਿਰ ਅਜਿਹੇ ਸਮੇਂ ਰੱਬ ਨੇ ਆਪਣਾ ਰਸੂਲ ਉੱਮੀ ਭੇਜਿਆ ਅਤੇ ਇਸ ਰਸੂਲ ਸਲਲੱਾਹੁ ਅਲੈਹਿ ਵਸਲਮ ਨੇ ਉਹਨਾਂ ਦੇ ਨਫ਼ਸ ਨੂੰ ਪਾਕ ਕੀਤਾ ਅਤੇ ਕਿਤਾਬ (ਕੁਰਆਨ ਕਰੀਮ) ਦੇ ਗਿਆਨ ਤੇ ਦਾਨਾਈ ਨਾਲ ਜਾਣਕਾਰ ਬਣਾਇਆ ਰੱਬ ਦੀ ਪਛਾਣ ਦੇ ਨੂਰ ਨਾਲ ਉਹਨਾਂ ਦੇ ਦਿਲਾਂ ਨੂੰ ਰੋਸ਼ਨ ਕੀਤਾ ਅਤੇ ਫਿਰ ਫ਼ਰਮਾਇਆ ਕਿ ਇਕ ਜਥੱਾ ਹੋਰ ਹੈ ਜੋ ਆਖ਼ਰੀ ਜ਼ਮਾਨੇ ਵਿੱਚ ਜ਼ਾਹਰ ਹੋਵੇਗਾ ਉਹ ਵੀ ਪਹਿਲਾਂ ਅੰਧਕਾਰ ਤੇ ਗੁਮਰਾਹੀ ਵਿੱਚ ਹੋਣਗੇ ਅਤੇ ਗਿਆਨ, ਦਾਨਾਈ ਤੇ ਵਿਸ਼ਵਾਸ ਤੋਂ ਦੂਰ ਹੋਣਗੇ ਫਿਰ ਰੱਬ ਉਹਨਾਂ ਨੂੰ ਵੀ ਸਹਾਬਾ ਦੇ ਰੰਗ ਵਿੱਚ ਲਿਆਏਗਾ ਜੋ ਸਹਾਬਾ ਨੇ ਦੇਖਿਆ ਉਹਨਾਂ ਨੂੰ ਦਿਖਾਇਆ ਜਾਏਗਾ ਇੱਥੋਂ ਤੱਕ ਕਿ ਉਹਨਾਂ ਦੀ ਸਚੱਾਈ ਤੇ ਵਿਸ਼ਵਾਸ ਸਾਹਬਾ ਦੀ ਸੱਚਾਈ ਤੇ ਵਿਸ਼ਵਾਸ ਦੇ ਤੁੱਲ ਹੋ ਜਾਏ ਗੀ । ਸੋ, ਆਪ ਅਲੈਹਿ ਸਲਾਮ ਨੇ ਮੁੜ ਆਣਕੇ ਇਸਲਾਮ ਦਾ ਪੁਨਰਉਥੱਾਨ ਕੀਤਾ ਅਤੇ ਸਹਾਬਾ ਨੇ ਮਸੀਹ ਮੌਊਦ ਨਾਲ ਜੁੜਕੇ ਉਹ ਰੌਸ਼ਨੀ ਹਾਸਲ ਕੀਤੀ ਜੋ ਧਰਮ ਦੀ ਰੌਸ਼ਨੀ ਸੀ । ਵੱਖ ਵੱਖ ਨਿਸ਼ਾਨ ਦੇਖੇ । ਅੱਜ ਵੀ ਬਹੁਤ ਸਾਰੇ ਅਜਿਹੇ ਹਨ ਜੋ ਅੰਧਕਾਰ ਵਿੱਚੋਂ ਨਿਕਲ ਕੇ ਚਾਨ੍ਹਣਾ ਦੇਖ ਰਹੇ ਹਨ ਅਤੇ ਨਿਸ਼ਾਨ (ਚਮਤਕਾਰ) ਦੇਖਕੇ ਜਮਾਤ ਅਹਮਦੀਆ ਵਿੱਚ ਦਾਖ਼ਲ ਹੋ ਰਹੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲਜਜ਼ਾਇਰ ਦੀ ਉਧਾਰਣ ਹੀ ਅੱਜਕਲ ਸਾਡੇ ਸਾਹਮਣੇ ਹੈ, ਇਹ ਕੋਈ ਐਨ੍ਹੀ ਪੁਰਾਣੀ ਜਮਾਤ ਨਹੀਂ ਹੈ ਪਰ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨ੍ਹਕੇ ਆਖ਼ਰੀਨ ਵਿੱਚ ਸ਼ਾਮਲ ਹੋਣ ਦੇ ਬਾਦ ਅਤੇ ਖ਼ਿਲਾਫ਼ਤ ਦੀ ਆਗਿਆਕਾਰੀ ਵਿੱਚ ਆਣਕੇ ਉਹਨਾਂ ਦੇ ਇਮਾਨ ਰੱਬ ਦੀ ਮਿਹਰ ਨਾਲ ਉਚੱਾਈਆਂ ਨੂੰ ਛੂ ਰਹੇ ਹਨ । ਉਹਨਾਂ ਦੇ ਅਸੀਰਾਂ (ਕੈਦੀਆਂ) ਦੇ ਇਮਾਨ ਅਤੇ ਵਿਸ਼ਵਾਸ਼ ਦਾ ਅਨੁਮਾਨ ਅਸੀਂ ਇਸ ਪਤੱਰ ਨਾਲ ਲਗਾ ਸਕਦੇ ਹਾਂ ਜੋ ਇਕ ਅਸੀਰ (ਕੈਦੀ) ਦਾ ਕੱਲ ਹੀ ਮੈਨੂੰ ਮਿਲਿਆ ਹੈ । ਕਹਿੰਦੇ ਹਨ ਕਿ ਰੱਬ ਦਾ ਲੱਖ ਲੱਖ ਸ਼ੁਕਰ ਹੈ ਕਿ ਉਸ ਨੇ ਸਾਨੂੰ ਹਕੀਕੀ ਇਸਲਾਮ ਦੀ ਨੇਮਤ ਨਾਲ ਨਿਵਾਜਿਆ ਹੈ । ਜਿਸ ਨੇ ਸਾਡੇ ਦਿਲਾਂ ਨੂੰ ਜੀਉਂਦਿਆਂ ਕੀਤਾ

ਹੈ । 'ਬੁਨਯਾਨੁੰਮ ਮਰਸੂਸ' ਬਣਾਇਆ ਅਤੇ ਉਸ ਦੀ ਰਜ਼ਾ ਖ਼ਾਤਰ ਇਕ ਦੂਜੇ ਨੂੰ ਪ੍ਰੇਮ ਕਰਨ ਵਾਲਾ ਬਣਾਇਆ ਅਤੇ ਸਮੇਂ ਦੇ ਖ਼ਲੀਫ਼ਾ ਦੇ ਹੱਥ'ਤੇ ਇਕਤੱਰ ਕੀਤਾ । ਮੈਂਨੂੰ ਸੰਬੋਧਨ ਕਰਕੇ ਲਿਖੱਦੇ ਹਨ ਕਿ ਸਯੱਦੀ ! ਰੱਬ ਦੇ ਮਾਰਗ ਵਿੱਚ ਕੈਦੀ ਦੇ ਰੂਪ ਵਿੱਚ ਸਾਰੇ ਦੇਸ਼ ਦੇ ਅਹਮਦੀ ਭਾਈ ਆਣਕੇ ਮੈਂਨੂੰ ਮਿਲ ਰਹੇ ਹਨ ਅਤੇ ਰੱਬ ਦੀ ਵਿਸ਼ੇਸ਼ ਮਦਦ'ਤੇ ਖ਼ੁਸ਼ੀ ਤੇ ਅਨੰਦ ਹਨ ਇਕ ਕੈਦ ਹੈ ਪਰ ਰੱਬ ਦੇ ਉਪਹਾਰ ਜੋ ਹੋ ਰਹੇ ਹਨ ਉਸ'ਤੇ ਖ਼ੁਸ਼ੀ ਹੈ ਮਨਾ ਰਹੇ ਹਨ । ਸਾਰੇ ਹੀ ਇਸ ਗੱਲ'ਜੇ ਅੜੇ ਹਨ ਕਿ ਸਚੱਾਈ ਲਈ ਕੰਮ ਤੇ ਦੁਆ ਨੂੰ ਜਾਰੀ ਰੱਖਿਆ ਜਾਵੇ । ਜਿੰਨ੍ਹੀਆਂ ਮਰਜ਼ੀ ਔਕੁੜਾਂ ਆਉਣ ਸਚੱਾਈ ਫੈਲਾਉਣ ਦੇ ਕੰਮ ਵਿੱਚ ਅਸੀਂ ਆਪਣਾ ਕੰਮ ਵੀ ਅਰੰਭ ਰਖੱਾਂਗੇ ਅਤੇ ਰੱਬ ਤੋਂ ਮਦਦ ਵੀ ਮੰਗਾਗੇ, ਦੁਆਵਾਂ ਕਰਦੇ ਰਹਾਂਗੇ । ਲਿਖੱਦੇ  ਹਨ ਕਿ ਇਸ ਪ੍ਰੀਖਿਆ ਵਿੱਚ ਆਪ ਦੀਆਂ ਦੁਆਵਾਂ ਦੀ ਪਰਵਾਨਗੀ ਦੇ ਨਮੂਨੇ ਅਸੀਂ ਆਪਣੀਆਂ ਅਖੱਾਂ ਨਾਲ ਦੇਖੇ ਹਨ । ਕਹਿੰਦੇ  ਹਨ ਕਿ ਰੱਬ ਦੀਆਂ ਰਹਿਮਤਾਂ ਅਲਜਜ਼ਾਇਰ ਦੇ ਕਮਜ਼ੋਰ ਅਹਮਦੀਆਂ ਉਪੱਰ ਨਾਜ਼ਲ ਹੋ ਰਹੀਆਂ ਹਨ । ਹਜ਼ੂਰ ਅਨਵਰ ਨੇ ਫ਼ਰਮਾਇਆ : ਕੈਦੀ ਓਥੇ ਵੀ ਰਿਹਾ ਹੋਏ ਹਨ, ਅਲੱਾਹ ਤਆਲਾ ਬਾਕੀ ਦੇ ਕੈਦੀਆਂ ਦੀ ਰਿਹਾਈ ਦੇ ਵੀ ਛੇਤੀ ਸਾਧਨ ਜੁਟਾਏ ।

ਫਿਰ ਇਕ ਕੈਦੀ ਲਿਖੱਦੇ ਹਨ ਕਿ ਕੈਦ ਦੇ ਸਮੇਂ ਦੌਰਾਨ ਵਿਸ਼ਵਾਸ ਹੋਇਆ ਕਿ ਰੱਬ ਨੇ ਵਿਸ਼ੇਸ਼ ਕਰਣੀਆਂ ਦੇ ਸਬਬਾ ਇਹ ਸਾਧਨ ਕੀਤਾ ਅਰਥਾਤ ਕਿ ਸਾਨੂੰ ਜੋ ਕੈਦੀ ਬਣਾਇਆ ਗਿਆ ਜਾਂ ਕੈਦ ਦੀਆਂ ਸਜ਼ਾਵਾਂ ਮਿਲੀਆਂ ਜਾਂ ਮੁਕਦੱਕਮੇ ਚਲੇ, ਇਹ ਰੱਬ ਦੀ ਵਿਸ਼ੇਸ਼ ਕਰਣੀ ਸੀ, ਤਾਂ ਜੋ ਉਹ ਆਪਣੇ ਕ੍ਰਿਸ਼ਮਿਆਂ ਵਿੱਚੋ ਕੁਝ ਦਿਖਾਏ । ਕਹਿੰਦੇ ਹਨ ਕਿ ਸੁਤੰਤਰਤਾ ਤੇ ਆਰਾਮ ਦੇ ਜ਼ਮਾਨੇ ਵਿੱਚ ਜੋ ਸਫ਼ਲਤਾਵਾਂ ਸਾਨੂੰ ਹੋ ਰਹੀਆਂ ਸਨ, ਅਸੀਂ ਸਮਝਦੇ ਸੀ ਕਿ ਅਸੀਂ ਰੱਬ ਦਾ ਚਿਹਰਾ ਦੇਖ ਲਿਆ ਹੈ ਅਤੇ ਉਸ ਦੇ ਮਾਰਗਾਂ ਤੋਂ ਜਾਣੂ ਹੋ ਗਏ ਹਾਂ ਪਰ ਹੁਣ ਪਤਾ ਲਗੱਾ ਹੈ ਕਿ ਪਹਿਲਾਂ ਤਾਂ ਬਹੁਤ ਘੱਟ ਦੇਖਿਆ ਸੀ ਅਤੇ ਹੁਣ ਉਸ ਦੀਆਂ ਕੁਦਰਤਾਂ ਦੇ ਅਸਲ ਨਮੂਨੇ ਦੇਖੇ, ਕਹਿੰਦੇ ਹਨ ਮੈਂਨੂੰ ਸੰਬੋਧਨ ਕਰਕੇ ਕਿ ਆਪ ਨਾਲ ਸੁਪਨਿਆਂ ਵਿੱਚ ਮੁਲਾਕਾਤਾਂ ਹੋਈਆਂ ਫਿਰ ਕਹਿੰਦੇ ਹਨ ਆਪ ਦੀਆਂ ਦੁਆਵਾਂ ਸਾਡੇ ਇਮਾਨ ਤੇ ਵਿਸ਼ਵਾਸ ਨੂੰ ਵਧਾਉਂਦੀਆਂ ਸਨ ਅਤੇ ਕੈਦ ਵਿੱਚ ਰਾਹਤ (ਆਰਾਮ) ਪਹੁੰਚਾਉਂਦੀਆਂ ਸਨ । ਸਾਡੀ ਰਿਹਾਈ ਨਿਸ਼ਚੇ ਹੀ ਆਪ ਅਤੇ ਜਮਾਤ ਦੇ ਨੇਕ ਲੋਕਾਂ ਦੀਆਂ ਦੁਆਵਾਂ ਦਾ ਸਿਟੱਾ ਹਨ ਅਤੇ ਇਹ ਵੀ ਲਿਖੱਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਜਾਰੀ ਨਿਜ਼ਾਮੇ ਖ਼ਿਲਾਫ਼ਤ ਕਰਕੇ ਉਹਨਾਂ ਦੀ ਤਸੱਲੀ ਦੇ ਸਾਮਾਨ ਹੁੰਦੇ ਰਹੇ । ਵਿਰੋਧੀ ਜੋ ਡਰ ਪੈਦਾ ਕਰਨ ਲਈ ਕਾਰਵਾਈਆਂ ਕਰਦੇ ਹਨ ਰੱਬ ਆਪਣੀ ਵਿਸ਼ੇਸ਼ ਮਿਹਰ ਨਾਲ ਖ਼ਿਲਾਫਤ ਨਾਲ ਜੁੜੇ ਰਹਿਣ ਕਰਕੇ ਉਸ ਵਿੱਚ ਉਹਨਾਂ ਲਈ ਸਕੂਨ ਦੇ ਸਾਮਾਨ ਪੈਦਾ ਕਰ ਦਿੰਦਾ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ : ਇਹ ਛੋਟੀ ਜਿਹੀ ਨਵੀ ਜਮਾਤ ਹੈ ਅਲਜਜ਼ਾਇਰ ਦੀ ਆਪਣੀਆਂ ਔਕੁੜਾਂ ਵਿੱਚ ਜਿਸ ਦੌਰ ਵਿੱਚੋਂ ਲੰਘ ਰਹੀ ਹੈ ਬਹੁਤ ਸਿਥਿਰ ਹੈ ਅਤੇ ਕਾਇਮ ਹੈ ਅਤੇ ਹੁਣ ਉਹਨਾਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾਂ ਇਹਨਾਂ ਦੋ ਪਤੱਰਾਂ ਨਾਲ ਹੀ ਹੋ ਜਾਂਦਾ ਹੈ । ਫ਼ਰਮਾਇਆ ਇਹ ਅਲਜਜ਼ਾਇਰ ਦੇ ਅਹਮਦੀ ਜਿੰਨ੍ਹਾ ਵਿੱਚ ਕੁਝ ਇਕ ਤੋਂ ਬਿਨਾ ਕਿਸੇ ਨੇ ਸਮੇਂ ਦੇ ਖ਼ਲੀਫ਼ਾ ਨੂੰ ਕਦੇ ਦੇਖਿਆ ਵੀ ਨਹੀਂ ਪਰ ਇਮਾਨ ਵਿੱਚ ਕਾਮਲ ਹੋਣ ਕਰਕੇ ਇਸ ਪ੍ਰਕਾਰ ਉਹਨਾਂ ਦੀ ਤਸੱਲੀ ਦੇ ਸਾਧਨ ਪੈਦਾ ਕਰ ਰਿਹਾ ਹੈ ਜਿਵੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜਮਾਨੇ ਵਿੱਚ ਆਪ ਅਲੈਹਿ ਸਲਾਮ ਨਾਲ ਨੇੜਤਾ ਰਖੱਣ ਵਾਲਿਆਂ ਦੇ ਦਿਲਾਂ ਦੀ ਤਸੱਲੀ ਦੇ ਸਾਧਨ ਪੈਦਾ ਹੋ ਰਹੇ ਸਨ । ਇਹ ਸਭ ਕੁਝ ਇਸ ਲਈ ਹੋ ਰਿਹਾ ਹੈ ਕਿ ਰੱਬ ਨੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨਾਲ ਇਹ ਵਾਦਾ

ਕੀਤਾ ਸੀ ਕਿ ਆਪ ਦੇ ਬਾਦ ਕੁਦਰਤੇ ਸਾਨੀਆ (ਦੂਜੀ ਕੁਦਰਤ) ਜੋ ਕਿ ਖ਼ਿਲਾਫ਼ਤ ਹੈ ਉਸ ਰਾਹੀਂ ਵੀ ਅਲੱਾਹ ਤਆਲਾ ਆਪ ਅਲੈਹਿ ਸਲਾਮ ਦੇ ਮਿਸ਼ਨ ਨੂੰ ਪੂਰਾ ਕਰੇਗਾ ਅਤੇ ਇਸਲਾਮ ਨੂੰ ਦੁਬਾਰਾ ਵਿਜੇ ਪ੍ਰਦਾਨ ਕਰੇਗਾ ਅਤੇ ਮਨ੍ਹੰਣ ਵਾਲਿਆਂ ਦੀ ਤਸੱਲੀ ਦੇ ਸਾਧਨ ਵੀ ਕਰੇਗਾ । ਸੋ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਸਾਲਾ ਅਲਵਸੀਯਤ ਵਿੱਚ ਆਪਣੇ ਇਸ ਦੁਨੀਆਂ ਵਿੱਚੋਂ ਜਾਣ ਤੇ ਖ਼ਿਲਾਫ਼ਤ ਰਾਹੀਂ ਜਮਾਤ ਦੀਆਂ ਤਰੱਕੀਆਂ ਅਰੰਭ ਰਹਿਣ ਬਾਰ ਵਰਨਣ ਕਰਦਿਆਂ ਹੋਇਆ ਫ਼ਰਮਾਉਂਠਦੇ ਹਨ ਕਿ :

ਸੋ, ਹੇ ਸਜੱਣੋ ! ਜੱਦ ਕਿ ਆਦਿ ਤੋਂ ਇਲਾਹੀ ਸੁਨੱਤ (ਪਰੰਪਰਾ) ਇਹੋ ਹੈ ਕਿ ਰੱਬ ਦੋ ਕੁਦਰਤਾਂ ਦਿਖਾਉਂਦਾ ਹੈ ਤਾਂ ਜੋ ਵਿਰੋਧੀਆਂ ਦੀਆਂ ਦੋ ਝੂਠੀਆਂ ਖ਼ੁਸ਼ੀਆਂ ਨੂੰ ਲਤਾੜਕੇ ਦਿਖਾਵੇ । ਸੋ, ਹੁਣ ਸੰਭਵ ਨਹੀਂ ਕਿ ਰੱਬ ਆਪਣੀ ਆਦਿ ਦੀ ਪਰੰਪਰਾ ਨੂੰ ਤਿਆਗ ਦੇਵੇ । ਇਸ ਲਈ ਤੁਸੀਂ ਮੇਰੀ ਇਸ ਗੱਲ ਤੋਂ ਜੋ ਮੈਂ ਤੁਹਾਡੇ ਕੋਲ ਵਰਨਣ ਕੀਤੀ ਹੈ ਦੁਖੀ ਨ ਹੋਣਾ ਅਤੇ ਤੁਹਾਡੇ ਦਿਲ ਘਬਰਾ ਨਾ ਜਾਣ ਕਿਉਂਕਿ ਤੁਹਾਡੇ ਲਈ ਦੂਜੀ ਕੁਦਰਤ ਦਾ ਦੇਖਣਾ ਵੀ ਜ਼ਰੂਰੀ ਹੈ ਅਤੇ ਇਸ ਦਾ ਆਉਂਣਾ ਤੁਹਾਡੇ ਲਈ ਬਿਹਤਰ ਹੈ ਕਿਉਕਿ ਉਹ ਸਦੈਵੀ ਹੈ ਜਿਸ ਦੀ ਕੜੀ ਕਿਯਾਮਤ ਤੱਕ ਨਹੀਂ ਟੁੱਟੇਗੀ ਅਤੇ ਉਹ ਦੂਜੀ ਕੁਦਰਤ ਨਹੀਂ ਆ ਸਕਦੀ ਜੱਦ ਤੱਕ ਮੈਂ ਨ ਜਾਵਾਂ ਪਰ ਜੱਦ ਮੈਂ ਜਾਵਾਂਗਾ ਤਾਂ ਫਿਰ ਰੱਬ ਉਸ ਦੂਜੀ ਕੁਦਰਤ ਨੂੰ ਤੁਹਾਡੇ ਲਈ ਭੇਜ ਦੇਵੇਗਾ ਜੋ ਹਮੇਸ਼ਾ ਤੁਹਾਡੇ ਨਾਲ ਰਹੇਗੀ ਜਿਵੇਂ ਕਿ ਬ੍ਰਾਹੀਨ ਅਹਮਦੀਆ ਵਿੱਚ ਵਾਦਾ ਹੈ ਅਤੇ ਉਹ ਵਾਦਾ ਮੇਰੇ ਵਿਅਕਤੀਤਵ ਲਈ ਨਹੀਂ ਹੈ ਸਗੋਂ ਤੁਹਾਡੇ ਬਾਰੇ ਵਾਦਾ ਹੈ ਜਿਵੇਂ ਕਿ ਰੱਬ ਫ਼ਰਮਾਉਂਦਾ ਹੈ ਕਿ ਮੈਂ ਇਸ ਜਮਾਤ ਨੂੰ ਜੋ ਤੇਰੇ ਪੈਰ੍ਹੋਕਾਰ ਹਨ ਕਯਾਮਤ ਤੱਕ ਦੂਜਿਆਂ ਉਪੱਰ ਵਿਜੇ ਦਿਆਂਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਔਕੁੜਾਂ ਵੀ ਆਉਣਗੀਆਂ ਮੁਸੀਬਤਾਂ ਵੀ ਆਉਣਗੀਆਂ ਪਰ ਅਖੀਰ ਫ਼ਤਹਿ ਜਮਾਤ ਅਹਮਦੀਆ ਦੀ ਹੀ ਹੈ, ਇੰਸ਼ਾਅਲੱਾਹ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਅਰੰਭ ਹੋਣ ਵਾਲਾ ਨਿਜ਼ਾਮ ਹੀ ਉਹ ਹਕੀਕੀ ਨਿਜ਼ਾਮ ਹੈ ਜਿਸ ਨਾਲ ਤਰੱਕੀਆਂ ਸੰਬੰਧ ਹਨ ਅਤੇ ਅਮਨ ਤੇ ਸਲਾਮਤੀ ਵੀ ਸੰਬੰਧਤ ਹੈ ਦੁਨੀਆ ਦੀ । ਇਹੋ ਨਿਜ਼ਾਮ ਹੈ ਜਿਸ ਰਾਹੀਂ ਇਸਲਾਮ ਦੀ ਵੱਡਿਆਈ ਅਤੇ ਗ਼ਲਬਾ ਸਾਰੀ ਦੁਨੀਆ ਉਪੱਰ ਸਾਬਤ ਹੋਣਾ ਹੈ ਅਤੇ ਕਾਇਮ ਹੋਣਾ ਹੈ । ਸੋ, ਇਸ ਗ਼ਲਬੇ ਦੀ ਖ਼ਬਰ ਦਿੰਦਿਆਂ ਹੋਇਆ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਰੱਬ ਦੋ ਪ੍ਰਕਾਰ ਦੀ ਕੁਦਰਤ ਜ਼ਾਹਰ ਕਰਦਾ ਹੈ । ਪਹਿਲਾਂ ਆਪ ਨਬੀਆਂ ਦੇ ਹੱਥੀਂ ਆਪਣੀ ਕੁਦਰਤ ਦਾ ਹੱਥ ਦਿਖਾਉਂਦਾ ਹੈ ਦੂਜਾ ਅਜਿਹੇ ਸਮੇਂ ਜੱਦ ਨਬੀ ਦੀ ਵਫ਼ਾਤ ਦੇ ਬਾਦ ਔਕੁੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਦੁਸ਼ਮਣ ਜ਼ੋਰ ਵਿੱਚ ਆ ਜਾਂਦੇ ਹਨ ਅਤੇ ਵਿਚਾਰਦੇ ਹਨ ਕਿ ਹੁਣ ਕੰਮ ਵਿਗੜ ਗਿਆ ਹੈ ਅਤੇ ਵਿਸ਼ਵਾਸ਼ ਕਰ ਲੈਂਦੇ ਹਨ ਕਿ ਹੁਣ ਇਹ ਜਮਾਤ ਮਿੱਟ ਜਾਵੇਗੀ ਅਤੇ ਜਮਾਤ ਦੇ ਲੋਕ ਆਪ ਵੀ ਝਾਕੇ ਵਿੱਚ ਆ ਜਾਂਦੇ ਹਨ ਅਤੇ ਉਹਨਾਂ ਦਾ ਲੱਕ ਟੁੱਟ ਜਾਂਦਾ ਹੈ ਅਤੇ ਕਈ ਵਾਰ ਬਦ ਕਿਸਮਤ ਮੁਰਤਦ (ਫਿਰ) ਹੋ ਜਾਣ ਦੇ ਮਾਰਗ ਅਪਣਾ ਲੈਂਦੇ ਹਨ । ਉਸ ਸਮੇਂ ਰੱਬ ਦੂਜੀ ਵਾਰ ਆਪਣੀ ਜ਼ਬਰਦਸਤ ਕੁਦਰਤ ਜ਼ਾਹਰ ਕਰਦਾ ਹੈ ਅਤੇ ਢਹਿੰਦੀ ਹੋਈ ਜਮਾਤ ਨੂੰ ਸੰਭਾਲ ਲੈਂਦਾ ਹੈ, ਸੋ, ਉਹ ਜੋ ਅਖ਼ੀਰ ਤੱਕ ਸਬਰ ਕਰਦਾ ਹੈ ਰੱਬ ਦੇ ਇਸ ਚਮਤਕਾਰ ਨੂੰ ਦੇਖਦਾ ਹੈ ਜਿਵੇਂ ਕਿ ਹਜ਼ਰਤ ਅਬੂਬਕਰ ਸਿੱਦੀਕ ਰਜ਼ੀ ਅਲੱਹ ਅਨਹੁ ਦੇ ਸਮੇਂ ਹੋਇਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਰੱਬ ਦਾ ਬਹੁਤ ਵਡੱਾ ਉਪਕਾਰ ਹੈ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦੇਹਾਂਤ ਦੇ ਬਾਦ ਇਕ ਝਟੱਕਾ ਤਾਂ ਜਮਾਤ ਨੂੰ ਲਗੱਾ ਪਰ ਰੱਬ ਨੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਾਹੀਂ ਜਮਾਤ ਨੂੰ ਝੱਟ ਸੰਭਾਲ ਲਿਆ । ਫਿਰ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਦੇ ਦੇਹਾਂਤ ਦੇ ਬਾਦ ਜਮਾਤ ਨੂੰ ਇਕ

ਬਹੁਤ ਵਡੱਾ ਝਟੱਕਾ ਲਗੱਾ ਅਤੇ ਬਹੁਤ ਸੰਗੀਨ ਹਾਲਾਤ ਸਨ ਇਕ ਲੰਮਾ ਵਿਸਥਾਰ ਹੈ ਪਰ ਸਿਟੱਾ ਕੀ ਹੋਇਆ ਅਖੀਰ ਖ਼ਿਲਾਫ਼ਤ ਹੀ ਸਫ਼ਲ ਹੋਈ ਅਤੇ ਸਫ਼ਲਤਾਵਾਂ ਦੇ ਮਾਰਗਾਂ ਉਪੱਰ ਚਲਦੀ ਗਈ ਅਤੇ ਮੰਜ਼ਲਾਂ ਪਾਰ ਕਰਦੀ ਚਲੀ ਗਈ । ਫਿਰ ਖ਼ਿਲਾਫਤੇ ਸਾਲਸਾ (ਤੀਜੀ ਖ਼ਿਲਾਫ਼ਤ) ਦਾ ਦੌਰ ਆਇਆ ਮੁਸ਼ਕਲਾਂ ਦੇ ਦੌਰ ਆਏ ਪਰ ਇਹ ਸਭ ਕੁਝ ਹੁੰਦਿਆਂ ਹੋਇਆ ਰੱਬ ਨੇ ਮਿਹਰ ਕੀਤੀ । ਸਰਕਾਰ ਦੇ ਖ਼ੌਫ਼ਨਾਕ ਮਨਸੂਬੇ ਸਨ ਪਰ ਕੋਈ ਰੋਕ ਨਹੀਂ ਪੈਦਾ ਹੋ ਸਕੀ ਜਮਾਤ ਦੀ ਤਰੱਕੀ ਵਿੱਚ । ਖ਼ਿਲਾਫ਼ਤੇ ਰਾਬਿਆ (ਚੌਥੀ ਖ਼ਿਲਾਫ਼ਤ) ਵਿੱਚ ਹੋਰ ਵਧੇਰੇ ਸਖ਼ਤੀਆਂ ਪਾਕਿਸਤਾਨ ਦੀ ਸਰਕਾਰ ਨੇ ਦਿਖਾਈਆਂ ਤਾਂ ਇਸ ਔਕੁੜ ਵਿੱਚ ਵੀ ਸ਼ਾਂਤੀ ਦੇ ਸਾਧਨ ਰੱਬ ਨੇ ਪੈਦਾ ਕੀਤੇ । ਜਮਾਤ ਤਰੱਕੀ ਦੀਆਂ ਨਵੀਆਂ ਮੰਜ਼ਲਾ ਪਾਰ ਕਰਦੀ, ਪ੍ਰਚਾਰ ਦੇ ਨਵੇਂ ਨਵੇਂ ਸਾਧਨ ਖੁਲੱਣ ਲੱਗੇ ਅਤੇ ਫਿਰ ਸਟੇਲਾਈਟ ਰਾਹੀਂ ਦੁਨੀਆ ਵਿੱਚ ਪ੍ਰਚਾਰ ਕੀਤਾ ਜਾਣ ਲਗੱਾ । ਫਿਰ ਖ਼ਿਲਾਫ਼ਤੇ ਖ਼ਾਮਸਾ (ਪੰਜਵੀ ਖ਼ਿਲਾਫ਼ਤ ਦਾ ਸਮਾਂ) ਵਿੱਚ ਵੀ ਨਵੇਂ ਨਵੇਂ ਮਾਰਗਾਂ ਵਿੱਚ ਹੋਰ ਵੇਧੇਰੇ ਫੈਲਾਓ ਹੋਇਆ ਅਤੇ ਇਹੋ ਜਮਾਤ ਦਾ ਸੰਦੇਸ਼ ਹਜ਼ਾਰਾਂ'ਚੋਂ ਨਿਕਲ ਕੇ ਲਖੱਾਂ ਤੱਕ ਅਤੇ ਲਖੱਾਂ'ਚੋ ਨਿਕਲਕੇ ਕਰੋੜਾਂ ਤੱਕ ਜਾਣ ਲਗ ਗਿਆ । ਇਕ ਦੇਸ਼ ਜਾਂ ਦੂਜੇ ਦੇਸ਼ ਦੀ ਥਾਂ ਕਈ ਦੇਸ਼ਾਂ ਵਿੱਚ ਹੁਣ ਵਿਰੋਧਤਾ ਅਰੰਭ ਹੋ ਗਈ ਹੈ ਇਹੋ ਅਹਮਦੀਅਤ ਦੀ ਸਚੱਾਈ ਦੀ ਦਲੀਲ ਹੈ ਅਤੇ ਇਹੋ ਤਰੱਕੀ ਦੀ ਨਿਸ਼ਾਨੀ ਵੀ ਹੈ । ਅਹਮਦੀਅਤ ਤੋਂ ਪਿੱਛੇ ਹਟਾਉਣ ਦੇ ਜਤਨ ਹੋ ਰਹੇ ਹਨ ਪਰ ਰੱਬ ਆਪਣੇ ਵਾਦੇ ਅਨੁਸਾਰ ਤਰੱਕੀ ਦੇ ਮਾਰਗ ਖੋਲਦਾ ਜਾ ਰਿਹਾ ਹੈ ਅਤੇ ਤਰੱਕੀ ਹੁੰਦੀ ਜਾ ਰਹੀ ਹੈ ਅਤੇ ਇਹ ਸਾਰੀਆਂ ਗਲੱਾਂ ਜ਼ਾਹਰ ਕਰਦੀਆਂ ਹਨ ਕਿ ਅਸਥਾਈ ਰੋਕਾਂ ਦੇ ਹੁੰਦਿਆਂ ਹੋਇਆਂ ਇਸਲਾਮ ਦਾ ਗ਼ਲਬਾ ਇੰਸ਼ਾਅਲੱਾਹ ਤਆਲਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਅਤੇ ਆਪ ਦੇ ਬਾਦ ਜਾਰੀ ਨਿਜ਼ਾਮੇ ਖ਼ਿਲਾਫ਼ਤ (ਖ਼ਿਲਾਫ਼ਤ ਦੀ ਵਿਵਸਥਾ) ਰਾਹੀਂ ਹੀ ਹੋਣਾ ਹੈ । ਵਿਰੋਧੀ ਭਾਂਵੇ ਜਿੰਨ੍ਹਾ ਮਰਜ਼ੀ ਜ਼ੋਰ ਲਾ ਲੈਂਣ ਉਹਨਾਂ ਦੇ ਭਾਗ ਨਾਮੁਰਾਦੀ ਤੇ ਅਸਫ਼ਲਤਾ ਹੀ ਹੈ । ਅਲੱਾਹ ਤਆਲਾ ਹਰ ਅਹਮਦੀ ਨੂੰ ਤੌਫ਼ੀਕ ਪ੍ਰਦਾਨ ਕਰੇ ਕਿ ਉਹ ਆਪਣੇ ਇਮਾਨ ਵਿੱਚ ਮਜ਼ਬੂਤ ਹੋਵੇ ਅਤੇ ਨੇਕ ਕਰਮ ਕਰਨ ਵਾਲਾ ਵੀ ਹੋਵੇ ਅਤੇ ਇਬਾਦਤਾਂ ਤੇ ਮਿਆਰ ਵੀ ਹਰ ਅਹਮਦੀ ਦੇ ਬੁਲੰਦ ਹੁੰਦੇ ਜਾਣ ਤਾਂ ਜੋ ਅਸੀਂ ਹਮੇਸ਼ਾ ਉਸ ਦੀ ਤਰੱਕੀ ਦਾ ਹਿਸੱਾ ਬਣਨ ਵਾਲੇ ਹੋਈਏ ।

ਜੁਮਏ ਦੇ ਖ਼ੁਤਬੇ ਦੀ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਚੌਧਰੀ ਹਮੀਦ ਅਹਮਦ ਸਾਹਬ ਸਪੁਤੱਰ ਚੌਧਰੀ ਮੁਹਮੱਦ ਸੁਲੈਮਾਨ ਅਖਤਰ ਸਾਹਬ ਆਫ਼ ਯੂਕੇ ਦੀ ਨਮਾਜ਼ ਜਾਨਾਜ਼ਹ ਹਾਜ਼ਰ ਪੜ੍ਹਾਉਣ  ਦਾ ਐਲਾਨ ਕੀਤਾ ਜੋ 20 ਮਈ 2017 ਈ. ਨੂੰ 42 ਸਾਲ ਦੀ ਉਮੱਰ ਵਿੱਚ ਵਫ਼ਾਤ ਪਾ ਗਏ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । (اناللہ واناالیہ راجعون-)

**Khulasa Khutba Jumma 26.05.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131